

# ਜੇ ਤੁਹਾਨੂੰ ਲੱਗਦਾ ਹੈ ਕਿ ਤੁਹਾਨੂੰ ਕੈਂਸਰ ਹੈ ਇਸ ਲਈ ਪੂਰਨ ਜੀਨੋਮ ਸੀਕਵੈਂਸਿੰਗ ਬਾਰੇ ਜਾਣਕਾਰੀ




ਇਹ ਕਿਤਾਬਚਾ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਲਈ ਹੈ ਜਿਨ੍ਹਾਂ ਨੂੰ ਕੈਂਸਰ ਦੇ ਲਈ ਪੂਰਨ ਜੀਨੋਮ ਸੀਕਵੈਂਸਿੰਗ ਟੈਸਟ ਦੀ ਪੇਸ਼ਕਸ਼ ਕੀਤੀ ਜਾ ਸਕਦੀ ਹੈ।




ਪੂਰਨ ਜੀਨੋਮ ਸੀਕਵੈਂਸਿੰਗ ਉਦੋਂ ਹੁੰਦੀ ਹੈ ਜਦੋਂ ਤੁਹਾਡੇ ਸਰੀਰ ਨੂੰ ਬਣਾਉਣ ਅਤੇ ਬਰਕਰਾਰ ਰੱਖਣ ਲਈ ਲੋੜੀਂਦੀ ਸਾਰੀ ਜਾਣਕਾਰੀ ਮਾਹਰ ਡਾਕਟਰ ਦੁਆਰਾ ਇਕੱਠੀ ਕੀਤੀ ਜਾਂਦੀ ਹੈ।


ਪੂਰਨ ਜੀਨੋਮ ਸੀਕਵੈਂਸਿੰਗ NHS 'ਤੇ ਕੁਝ ਕਿਸਮਾਂ ਦੇ ਕੈਂਸਰ ਲਈ ਉਪਲਬਧ ਹੈ ਜਿੱਥੇ ਇਹ ਬਿਹਤਰ ਮਰੀਜ਼ ਦੇਖਭਾਲ ਦੀ ਪੇਸ਼ਕਸ਼ ਕਰਦਾ ਹੈ।



ਇਹ ਟੈਸਟ ਤੁਹਾਡੀ ਜਾਂਚ ਅਤੇ ਇਲਾਜ ਬਾਰੇ ਵਧੇਰੇ ਜਾਣਕਾਰੀ ਮੁਹੱਈਆ ਕਰ ਸਕਦਾ ਹੈ।

ਤੁਹਾਡਾ ਸਿਹਤ ਦੇਖਭਾਲ ਪੇਸ਼ਾਵਰ ਤੁਹਾਡੇ ਨਾਲ ਗੱਲ ਕਰੇਗਾ ਅਤੇ ਤੁਸੀਂ ਇਹ ਫੈਸਲਾ ਲੈਣ ਤੋਂ ਪਹਿਲਾਂ ਸਵਾਲ ਪੁੱਛਣ ਦੇ ਯੋਗ ਹੋਵੋਗੇ ਕਿ ਟੈਸਟ ਕਰਾਉਣਾ ਹੈ ਜਾਂ ਨਹੀਂ।

## ਤੁਹਾਡਾ ਜੀਨੋਮ ਕੀ ਹੁੰਦਾ ਹੈ?





ਤੁਹਾਡਾ ਜੀਨੋਮ ਮਨੁੱਖੀ ਸਰੀਰ ਨੂੰ ਬਣਾਉਣ ਅਤੇ ਇਸਨੂੰ ਤੰਦਰੁਸਤ ਰੱਖਣ ਲਈ ਲੋੜੀਂਦੀ ਜਾਣਕਾਰੀ ਹੁੰਦੀ ਹੈ।

ਇਹ ਇੱਕ ਕੋਡ ਵਿੱਚ ਲਿਖੀ ਜਾਂਦੀ ਹੈ ਜਿਸ ਨੂੰ DNA ਕਹਿੰਦੇ ਹਨ। ਤੁਹਾਡਾ ਜੀਨੋਮ DNA ਦੇ ਹਿੱਸਿਆਂ ਨਾਲ ਬਣਿਆ ਹੁੰਦਾ ਹੈ, ਜਿਸ ਨੂੰ ਜੀਨਕਹਿੰਦੇ ਹਨ।

NHS ਜੀਨੋਮਿਕ ਮੈਡੀਸਨ ਸਰਵਿਸ, ਕੈਂਸਰ ਲਈ ਪੂਰੀ ਜੀਨੋਮ ਲੜੀ, ਜੁਲਾਈ 2020, v2.0 ਪੂਰਨ ਜੀਨੋਮ ਸੀਕਵੈਂਸਿੰਗ ਗੋ-ਲਾਈਵ ਲਈ ਵਰਤੀ ਜਾਏਗੀ। ਇਹ ਦਸਤਾਵੇਜ਼ ਸੰਸਕਰਣ ਨਿਯੰਤਰਣ ਦੇ ਅਧੀਨ ਹੈ ਅਤੇ ਨਿਯਮਤ ਰੂਪ ਵਿੱਚ ਅਪਡੇਟ ਕੀਤਾ ਜਾਂਦਾ ਹੈ।

ਕਿਰਪਾ ਕਰਕੇ ਤਸਦੀਕ ਕਰੋ ਕਿ ਤੁਸੀਂ ਆਪਣੇ ਮੌਜੂਦਾ ਜੀਨੋਮਿਕ ਲੈਬਾਰਟਰੀ ਹੱਬ ਨਾਲ ਸੰਪਰਕ ਕਰਕੇ ਮੌਜੂਦਾ ਸੰਸਕਰਣ ਦੀ ਵਰਤੋਂ ਕਰ ਰਹੇ ਹੋ।





ਜ਼ਿਆਦਾਤਰ ਕੈਂਸਰ ਕਿਸੇ ਵਿਅਕਤੀ ਦੇ ਜੀਨੋਮ ਵਿਚ ਅਸਾਧਾਰਣ ਤਬਦੀਲੀਆਂ ਕਾਰਨ ਹੁੰਦੇ ਹਨ। ਇਹ ਉਨ੍ਹਾਂ ਦੀ ਜੀਵਨਸ਼ੈਲੀ ਜਾਂ ਉਹਨਾਂ ਦੇ ਵਾਤਾਵਰਣ ਕਾਰਨ ਹੁੰਦਾ ਹੈ।

ਕਈ ਵਾਰ ਕੁਝ ਤਬਦੀਲੀਆਂ ਕਿਸੇ ਵਿਅਕਤੀ ਦੇ ਜੀਨਾਂ ਰਾਹੀਂ ਵੀ ਪਾਸ ਕੀਤੀਆਂ ਜਾ ਸਕਦੀਆਂ ਹਨ।

ਇਸਦਾ ਅਰਥ ਹੋ ਸਕਦਾ ਹੈ ਕਿ ਵਿਅਕਤੀ ਨੂੰ ਕੈਂਸਰ ਹੋਣ ਦਾ ਖ਼ਤਰਾ ਵੱਧ ਹੁੰਦਾ ਹੈ।

## ਪੂਰਨ ਜੀਨੋਮ ਸੀਕਵੈਂਸਿੰਗ ਟੈਸਟ ਤੋਂ ਤੁਹਾਨੂੰ ਕੀ ਪਤਾ ਲੱਗ ਸਕਦਾ ਹੈ?

ਹਾਲਾਂਕਿ ਪੂਰਨ ਜੀਨੋਮ ਸੀਕਵੈਂਸਿੰਗ ਟੈਸਟ ਤੁਹਾਡੇ ਪੂਰੇ ਜੀਨੋਮ ਨੂੰ ਵੇਖਦਾ ਹੈ, ਟੈਸਟ ਤੁਹਾਡੇ ਕੈਂਸਰ ਨਾਲ ਸੰਬੰਧਿਤ ਜੀਨਾਂ ਵਿੱਚ ਤਬਦੀਲੀਆਂ 'ਤੇ ਕੇਂਦ੍ਰਿਤ ਕੀਤਾ ਜਾਂਦਾ ਹੈ; ਇਹ ਜੀਨਾਂ ਵਿੱਚ ਤਬਦੀਲੀਆਂ ਦੀ ਭਾਲ ਨਹੀਂ ਕਰ ਰਿਹਾ ਹੈ ਜੋ ਹੋਰ ਹਾਲਤਾਂ ਦਾ ਕਾਰਨ ਬਣਦਾ ਹੈ।




ਕੈਂਸਰ ਲਈ ਪੂਰਨ ਜੀਨੋਮ ਸੀਕਵੈਂਸਿੰਗ ਟੈਸਟ ਇਹ ਸਮਝਣ ਵਿੱਚ ਮਦਦ ਕਰ ਸਕਦਾ ਹੈ:

- ਤੁਸੀਂ ਕੈਂਸਰ ਕਿਉਂ ਹੋਇਆ
- ਤੁਹਾਡੇ ਕੈਂਸਰ ਦੀ ਕਿਸਮ
- ਤੁਹਾਡੇ ਕੈਂਸਰ ਲਈ ਕਿਹੜਾ ਇਲਾਜ ਵਧੀਆ ਕੰਮ ਕਰ ਸਕਦਾ ਹੈ
- ਕੀ ਤੁਹਾਨੂੰ ਹੋਰ ਕੈਂਸਰ ਹੋਣ ਦਾ ਖ਼ਤਰਾ ਹੈ
- ਕੀ ਤੁਹਾਡੇ ਪਰਿਵਾਰਕ ਮੈਂਬਰਾਂ ਨੂੰ ਕੈਂਸਰ ਹੋਣ ਦਾ ਵੱਧ ਖ਼ਤਰਾ ਹੋ ਸਕਦਾ ਹੈ






ਜੇ ਤੁਸੀਂ ਪੂਰਨ ਜੀਨੋਮ ਸੀਕਵੈਂਸਿੰਗ ਟੈਸਟ ਕਰਵਾਉਣ ਦਾ ਫੈਸਲਾ ਲੈਂਦੇ ਹੋ, ਤਾਂ ਤੁਹਾਡਾ ਸਿਹਤ ਦੇਖਭਾਲ ਪੇਸ਼ੇਵਰ ਤੁਹਾਡੇ ਨਾਲ ਇਸ ਬਾਰੇ ਵਿਚਾਰ ਵਟਾਂਦਰੇ ਕਰੇਗਾ।

NHS ਜੀਨੋਮਿਕ ਮੈਡੀਸਨ ਸਰਵਿਸ, ਕੈਂਸਰ ਲਈ ਪੂਰੀ ਜੀਨੋਮ ਲੜੀ, ਜੁਲਾਈ 2020, v2.0 ਪੂਰਨ ਜੀਨੋਮ ਸੀਕਵੈਂਸਿੰਗ ਗੋ-ਲਾਈਵ ਲਈ ਵਰਤੀ ਜਾਏਗੀ। ਇਹ ਦਸਤਾਵੇਜ਼ ਸੰਸਕਰਣ ਨਿਯੰਤਰਣ ਦੇ ਅਧੀਨ ਹੈ ਅਤੇ ਨਿਯਮਤ ਰੂਪ ਵਿੱਚ ਅਪਡੇਟ ਕੀਤਾ ਜਾਂਦਾ ਹੈ।

ਕਿਰਪਾ ਕਰਕੇ ਤਸਦੀਕ ਕਰੋ ਕਿ ਤੁਸੀਂ ਆਪਣੇ ਮੌਜੂਦਾ ਜੀਨੋਮਿਕ ਲੈਬਾਰਟਰੀ ਹੱਬ ਨਾਲ ਸੰਪਰਕ ਕਰਕੇ ਮੌਜੂਦਾ ਸੰਸਕਰਣ ਦੀ ਵਰਤੋਂ ਕਰ ਰਹੇ ਹੋ।

# ਪੂਰਨ ਜੀਨੋਮ ਸੀਕਵੈਂਸਿੰਗ ਟੈਸਟ ਵਿੱਚ ਕੀ ਹੁੰਦਾ ਹੈ?




1. ਇਕੱਤਰ ਕੀਤੇ ਰਸੌਲੀ ਦੇ ਨਮੂਨੇ (ਖੂਨ ਜਾਂ ਬੋਨ ਮੈਰੋ ਦਾ ਨਮੂਨਾ ਜੇਕਰ ਪੂਰਨ ਜੀਨੋਮ ਸੀਕਵੈਂਸਿੰਗ ਟੈਸਟ ਖੂਨ ਦੇ ਕੈਂਸਰ ਲਈ ਹੈ)

2. ਇਕੱਤਰ ਕੀਤਾ ਖੂਨ, ਥੁੱਕ ਜਾਂ ਚਮੜੀ ਦਾ ਨਮੂਨਾ (ਜੇ ਪੂਰਨ ਜੀਨੋਮ ਸੀਕੁਐਂਸ ਟੈਸਟ ਖੂਨ ਦੇ ਕੈਂਸਰ ਲਈ ਹੈ, ਤਾਂ ਇੱਕ ਚਮੜੀ ਜਾਂ ਲਾਰ ਦਾ ਨਮੂਨਾ ਲਿਆ ਜਾਵੇਗਾ)


3. ਨਮੂਨੇ ਵਿਸ਼ਲੇਸ਼ਣ ਲਈ ਜੈਨੇਟਿਕ ਟੈਸਟਿੰਗ ਲੈਬਾਰਟਰੀ ਨੂੰ ਭੇਜੇ ਗਏ



4. ਨਤੀਜੇ ਤੁਹਾਡੇ ਸਿਹਤ ਸੰਭਾਲ ਪੇਸ਼ੇਵਰ ('ਆਪਣੇ ਨਤੀਜੇ ਪ੍ਰਾਪਤ ਕਰਨਾ' ਵੇਖੋ) ਨੂੰ ਭੇਜੇ ਗਏ।

ਕੈਂਸਰ ਦੀ ਪੂਰੀ ਜੀਨੋਮ ਲੜੀ ਟੈਸਟ ਵਿੱਚ ਟਿਊਮਰ ਬਾਰੇ ਜਾਣਕਾਰੀ ਅਤੇ ਤੁਹਾਡੇ ਲਹੂ, ਲਾਰ ਜਾਂ ਚਮੜੀ ਦੇ ਨਮੂਨੇ ਸ਼ਾਮਲ ਹੁੰਦੇ ਹਨ।

ਇਹ ਨਿਦਾਨ ਵਿੱਚ ਮਦਦ ਕਰਨ ਜਾਂ ਸਭ ਤੋਂ ਵਧੀਆ ਇਲਾਜ ਦਾ ਫੈਸਲਾ ਕਰਨ ਲਈ ਜਾਣਕਾਰੀ ਪ੍ਰਾਪਤ ਕਰਦਾ ਹੈ।




ਜੇਕਰ ਤੁਹਾਨੂੰ ਖੂਨ ਦੇ ਕੈਂਸਰ ਲਈ ਇੱਕ ਪੂਰਨ ਜੀਨੋਮ ਸੀਕਵੈਂਸਿੰਗ ਟੈਸਟਿੰਗ ਲਈ ਕਿਹਾ ਜਾਂਦਾ ਹੈ, ਤਾਂ ਤੁਹਾਡੇ ਖੂਨ ਜਾਂ ਬੋਨ ਮੈਰੋ ਦੇ ਨਮੂਨੇ ਨੂੰ ਟਿਊਮਰ ਦੇ ਨਮੂਨੇ ਵਜੋਂ ਲਿਆ ਜਾਵੇਗਾ।



ਜੇ ਤੁਹਾਨੂੰ ਖੂਨ ਦੇ ਕੈਂਸਰ ਲਈ ਪੂਰਨ ਜੀਨੋਮ ਸੀਕਵੈਂਸਿੰਗ ਟੈਸਟਿੰਗ ਦੀ ਪੇਸ਼ਕਸ਼ ਕੀਤੀ ਜਾਂਦੀ ਹੈ, ਤਾਂ ਤੁਹਾਡਾ ਲਹੂ ਜਾਂ ਬੋਨ ਮੈਰੋ ਨਮੂਨਾ ਟਿਊਮਰ ਦਾ ਨਮੂਨਾ ਹੋਵੇਗਾ।

ਆਪਣੇ ਲਹੂ, ਲਾਰ ਜਾਂ ਚਮੜੀ ਦੇ ਨਮੂਨੇ ਨੂੰ ਇੱਕਠਾ ਕਰਨ ਲਈ ਤੁਹਾਨੂੰ ਕਿਸੇ ਹੋਰ ਮੁਲਾਕਾਤ ਦੀ ਲੋੜ ਹੋ ਸਕਦੀ ਹੈ।



ਨਤੀਜੇ

ਨਮੂਨੇ ਫਿਰ ਜਾਂਚ ਕਰਨ ਲਈ ਲੈਬ ਵਿੱਚ ਭੇਜੇ ਜਾਂਦੇ ਹਨ।

ਜੇ ਤੁਸੀਂ ਪੂਰਨ ਜੀਨੋਮ ਸੀਕਵੈਂਸਿੰਗ ਟੈਸਟ ਨਾ ਕਰਵਾਉਣ ਦਾ ਫੈਸਲਾ ਕਰਦੇ ਹੋ, ਤਾਂ ਵੀ ਤੁਹਾਨੂੰ ਸਭ ਤੋਂ ਵਧੀਆ ਸਿਹਤ ਦੇਖਭਾਲ ਮਿਲੇਗੀ।

NHS ਜੀਨੋਮਿਕ ਮੈਡੀਸਨ ਸਰਵਿਸ, ਕੈਂਸਰ ਲਈ ਪੂਰੀ ਜੀਨੋਮ ਲੜੀ, ਜੁਲਾਈ 2020, v2.0 ਪੂਰਨ ਜੀਨੋਮ ਸੀਕਵੈਂਸਿੰਗ ਗੋ-ਲਾਈਵ ਲਈ ਵਰਤੀ ਜਾਏਗੀ। ਇਹ ਦਸਤਾਵੇਜ਼ ਸੰਸਕਰਣ ਨਿਯੰਤਰਣ ਦੇ ਅਧੀਨ ਹੈ ਅਤੇ ਨਿਯਮਤ ਰੂਪ ਵਿੱਚ ਅਪਡੇਟ ਕੀਤਾ ਜਾਂਦਾ ਹੈ।
ਕਿਰਪਾ ਕਰਕੇ ਤਸਦੀਕ ਕਰੋ ਕਿ ਤੁਸੀਂ ਆਪਣੇ ਮੌਜੂਦਾ ਜੀਨੋਮਿਕ ਲੈਬਾਰਟਰੀ ਹੱਬ ਨਾਲ ਸੰਪਰਕ ਕਰਕੇ ਮੌਜੂਦਾ ਸੰਸਕਰਣ ਦੀ ਵਰਤੋਂ ਕਰ ਰਹੇ ਹੋ।

## ਆਪਣੇ ਨਤੀਜੇ ਪ੍ਰਾਪਤ ਕਰਨਾ




ਇੱਕ ਵਾਰ ਜਦੋਂ ਨਮੂਨਾ ਲਿਆ ਜਾਂਦਾ ਹੈ ਤਾਂ ਇਸ ਨੂੰ ਵਾਚਿਆ ਜਾਵੇਗਾ ਅਤੇ ਨਤੀਜਾ ਤੁਹਾਡੇ ਸਿਹਤ ਦੇਖਭਾਲ ਪੇਸ਼ੇਵਰ ਨੂੰ ਭੇਜਿਆ ਜਾਵੇਗਾ।1

ਨਤੀਜਾ ਤੁਹਾਡੇ ਕੈਂਸਰ ਅਤੇ ਇਲਾਜ ਦੇ ਵਿਕਲਪਾਂ ਬਾਰੇ ਜਾਣਕਾਰੀ ਦੇ ਸਕਦਾ ਹੈ।

ਰਸੌਲੀ ਦੇ ਨਮੂਨੇ ਦੇ ਨਤੀਜੇ ਦੀ ਤੁਲਨਾ ਖੂਨ, ਥੁੱਕ ਜਾਂ ਚਮੜੀ ਦੇ ਨਮੂਨੇ ਨਾਲ ਕੀਤੀ ਜਾਂਦੀ ਹੈ। s



ਟੈਸਟ ਦੇ ਨਤੀਜੇ ਇਹ ਦਰਸਾ ਸਕਦੇ ਹਨ ਕਿ ਕੀ ਤੁਹਾਨੂੰ ਹੋਰ ਕੈਂਸਰ ਹੋਣ ਦਾ ਜੋਖ਼ਮ ਵਧੇਰੇ ਹੈ ਅਤੇ ਕੀ ਇਹ ਜ਼ੋਖ਼ਮ ਤੁਹਾਡੇ ਪਰਿਵਾਰ ਦੇ ਮੈਂਬਰਾਂ ਨੂੰ ਪ੍ਰਭਾਵਤ ਕਰ ਸਕਦੇ ਹਨ।

ਇਸ ਹਾਲਤ ਵਿੱਚ ਤੁਸੀਂ ਕਿਸੇ ਮਾਹਰ ਨੂੰ ਮਿਲ ਸਕਦੇ ਹੋ ਜੋ ਤੁਹਾਡੇ ਨਤੀਜਿਆਂ ਬਾਰੇ ਤੁਹਾਡੇ ਨਾਲ ਗੱਲ ਕਰੇਗਾ ਅਤੇ ਕੈਂਸਰ ਦੇ ਤੁਹਾਡੇ ਜ਼ੋਖ਼ਮ ਦੇ ਪ੍ਰਬੰਧਨ ਬਾਰੇ ਵਿਚਾਰ ਵਟਾਂਦਰੇ ਕਰ ਸਕਦਾ ਹੈ।



ਇਹ ਤੁਹਾਨੂੰ ਸੋਚਣ ਵਿੱਚ ਮਦਦ ਕਰੇsਗਾ ਕਿ ਨਤੀਜਿਆਂ ਬਾਰੇ ਆਪਣੇ ਪਰਿਵਾਰਕ ਮੈਂਬਰਾਂ ਨਾਲ ਕਿਵੇਂ ਗੱਲ ਕੀਤੀ ਜਾਵੇ।

## ਤੁਹਾਡੇ ਜੀਨਜ਼ ਬਾਰੇ ਡਾਟਾ





ਸਾਰਾ ਡਾਟਾ ਸੁਰੱਖਿਅਤ ਅਤੇ ਗੁਪਤ ਰੂਪ ਵਿੱਚ ਰੱਖਿਆ ਜਾਂਦਾ ਹੈ। ਤੁਹਾਡੇ ਡੇਟਾ ਦੀ ਵਰਤੋਂ UK ਦੇ ਕਾਨੂੰਨ ਅਤੇ NHS ਦੀ ਨੀਤੀ ਦੇ ਅਨੁਸਾਰ ਕੀਤੀ ਜਾਂਦੀ ਹੈ।
ਜ਼ਿਆਦਾ ਜਾਣਕਾਰੀ ਇੱਥੇ ਮਿਲ ਸਕਦੀ ਹੈ:
https://www.england.nhs.uk/contact-us/privacy-notice/



ਤੁਹਾਡਾ ਟੈਸਟ ਡਾਟਾ ਅਤੇ ਨਤੀਜੇ NHS ਜੀਨੋਮਿਕ ਮੈਡੀਸਨ ਸਰਵਿਸ - ਲਈ ਇੱਕ ਸੁਰੱਖਿਅਤ ਡੇਟਾਬੇਸ ਵਿੱਚ ਸਟੋਰ ਕੀਤੇ ਜਾਂਦੇ ਹਨ ਜਿਹੜਾ NHS ਦਾ ਉਹ ਹਿੱਸਾ ਹੈ ਜੋ ਪੂਰੇ ਜੀਨੋਮ ਸੀਕਵੈਂਸਿੰਗ ਦੀ ਨਿਗਰਾਨੀ ਕਰਦਾ ਹੈ।

NHS ਜੀਨੋਮਿਕ ਮੈਡੀਸਨ ਸਰਵਿਸ, ਕੈਂਸਰ ਲਈ ਪੂਰੀ ਜੀਨੋਮ ਲੜੀ, ਜੁਲਾਈ 2020, v2.0 ਪੂਰਨ ਜੀਨੋਮ ਸੀਕਵੈਂਸਿੰਗ ਗੋ-ਲਾਈਵ ਲਈ ਵਰਤੀ ਜਾਏਗੀ। ਇਹ ਦਸਤਾਵੇਜ਼ ਸੰਸਕਰਣ ਨਿਯੰਤਰਣ ਦੇ ਅਧੀਨ ਹੈ ਅਤੇ ਨਿਯਮਤ ਰੂਪ ਵਿੱਚ ਅਪਡੇਟ ਕੀਤਾ ਜਾਂਦਾ ਹੈ।

ਕਿਰਪਾ ਕਰਕੇ ਤਸਦੀਕ ਕਰੋ ਕਿ ਤੁਸੀਂ ਆਪਣੇ ਮੌਜੂਦਾ ਜੀਨੋਮਿਕ ਲੈਬਾਰਟਰੀ ਹੱਬ ਨਾਲ ਸੰਪਰਕ ਕਰਕੇ ਮੌਜੂਦਾ ਸੰਸਕਰਣ ਦੀ ਵਰਤੋਂ ਕਰ ਰਹੇ ਹੋ।



ਸਿਰਫ ਮਨਜ਼ੂਰਸ਼ੁਦਾ ਸਟਾਫ ਤੁਹਾਡਾ ਡੇਟਾ ਵੇਖਦੇ ਹਨ।

## ਬੀਮਾ ਮੰਤਵਾਂ ਲਈ ਡੇਟਾ ਦੀ ਵਰਤੋਂ




ਬੀਮਾ ਕੰਪਨੀਆਂ ਨਾਲ ਤੁਹਾਡੀ ਸਹਿਮਤੀ ਬਗੈਰ ਡੇਟਾ ਨੂੰ ਸਾਂਝਾ ਨਹੀਂ ਕੀਤਾ ਜਾਏਗਾ।

ਬੀਮਾ ਕੰਪਨੀਆਂ ਤੁਹਾਨੂੰ ਤੁਹਾਡੇ ਪਰਿਵਾਰ ਬਾਰੇ ਡਾਕਟਰੀ ਜਾਣਕਾਰੀ ਮੁਹੱਈਆ ਕਰਵਾਉਣ ਲਈ ਆਖ ਸਕਦੀਆਂ ਹਨ।



## ਖੋਜ ਦੇ ਮੰਤਵਾਂ ਲਈ ਡੇਟਾ ਦੀ ਵਰਤੋਂ

ਲੱਖਾਂ ਹੋਰ NHS ਮਰੀਜ਼ਾਂ ਦੁਆਰਾ ਪ੍ਰਦਾਨ ਕੀਤੇ ਸਿਹਤ ਅੰਕੜਿਆਂ ਨੇ ਨਵੀਂ ਦਵਾਈਆਂ ਅਤੇ ਇਲਾਜ ਵਿਕਸਿਤ ਕਰਨ ਵਿੱਚ ਸਹਾਇਤਾ ਕੀਤੀ ਹੈ।



ਸਾਰੇ ਮਰੀਜ਼ਾਂ ਕੋਲ ਆਪਣਾ ਡੇਟਾ ਇੱਕ ਲਾਇਬ੍ਰੇਰੀ ਨੂੰ ਮੁਹੱਈਆ ਕਰਵਾਉਣ ਦਾ ਵਿਕਲਪ ਹੁੰਦਾ ਹੈ ਤਾਂ ਕਿ ਪ੍ਰਵਾਨਿਤ ਖੋਜਕਰਤਾ ਉਸ ਡੇਟਾ ਦੀ ਵਰਤੋਂ ਕਰ ਸਕਣ।

ਜੇ ਤੁਸੀਂ ਅਜਿਹਾ ਕਰਨ ਦੀ ਚੋਣ ਕਰਦੇ ਹੋ ਤਾਂ ਤੁਹਾਡਾ ਡੇਟਾ ਖੋਜਕਰਤਾਵਾਂ ਨੂੰ ਨਵੇਂ ਇਲਾਜ ਵਿਕਸਿਤ ਕਰਨ ਵਿੱਚ ਸਹਾਇਤਾ ਕਰੇਗਾ।




ਤੁਹਾਡਾ ਡੇਟਾ ਖੋਜ ਵਿੱਚ ਕਿਸ ਤਰ੍ਹਾਂ ਮਦਦ ਕਰ ਸਕਦਾ ਹੈ ਇਸ ਬਾਰੇ ਵਧੇਰੇ ਜਾਣਨ ਲਈ, ਕਿਰਪਾ ਕਰਕੇ ਜੀਨੋਮਿਕਸ ਇੰਗਲੈਂਡ ਦੀ ਵੈੱਬਸਾਈਟ:http://www.genomicsengland.co.uk 'ਤੇ ਦੇਖੋ



## ਵਧੀਕ ਜਾਣਕਾਰੀ

ਇਹਨਾਂ ਸੰਸਥਾਵਾਂ ਤੋਂ ਪੂਰਨ ਜੀਨੋਮ ਸੀਕਵੈਂਸਿੰਗ ਬਾਰੇ ਹੋਰ ਜਾਣੋ:
http://www.nhs.uk/conditions/genetic-and-genomic-testing

NHS ਜੀਨੋਮਿਕ ਮੈਡੀਸਨ ਸਰਵਿਸ, ਕੈਂਸਰ ਲਈ ਪੂਰੀ ਜੀਨੋਮ ਲੜੀ, ਜੁਲਾਈ 2020,  v2.0 ਪੂਰਨ ਜੀਨੋਮ ਸੀਕਵੈਂਸਿੰਗ ਗੋ-ਲਾਈਵ ਲਈ ਵਰਤੀ ਜਾਏਗੀ।  ਇਹ ਦਸਤਾਵੇਜ਼ ਸੰਸਕਰਣ ਨਿਯੰਤਰਣ ਦੇ ਅਧੀਨ ਹੈ ਅਤੇ ਨਿਯਮਤ ਰੂਪ ਵਿੱਚ ਅਪਡੇਟ ਕੀਤਾ ਜਾਂਦਾ ਹੈ।

ਕਿਰਪਾ ਕਰਕੇ ਤਸਦੀਕ ਕਰੋ ਕਿ ਤੁਸੀਂ ਆਪਣੇ ਮੌਜੂਦਾ ਜੀਨੋਮਿਕ ਲੈਬਾਰਟਰੀ ਹੱਬ ਨਾਲ ਸੰਪਰਕ ਕਰਕੇ ਮੌਜੂਦਾ ਸੰਸਕਰਣ ਦੀ ਵਰਤੋਂ ਕਰ ਰਹੇ ਹੋ।